# ਦਫ਼ਤਰ ਸਟੇਟ ਪ੍ਰੋਜੈਕਟ ਡਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ

ਐਸ.ਸੀ.ਓ. ਨੰ: 104-106, ਦੂਜੀ-ਤੀਜੀ ਮੰਜ਼ਿਲ, ਸੈਕਟਰ-34ਏ, ਚੰਡੀਗੜ੍ਹ।

ਸੇਵਾ ਵਿਖੇ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਪੰਜਾਬ।

ਪੱਤਰ ਨੰ:1/SSA/SC/2012-13/77776-77795 ਮਿਤੀ:12.04.2012

**ਵਿਸ਼ਾ:** **ਸਰਵ ਸਿੱਖਿਆ ਅਭਿਆਨ, ਪੰਜਾਬ ਅਧੀਨ ਸਾਲ 2012-13 ਦੌਰਾਨ ਐਸ.ਸੀ./ਐਸ.ਟੀ. ਕੰਪੋਨੈਂਟ ਪਲਾਨ ਨੂੰ ਲਾਗੂ ਕਰਨ ਲਈ ਹਦਾਇਤਾਂ।**

ਸਰਵ ਸਿੱਖਿਆ ਅਭਿਆਨ, ਪੰਜਾਬ ਅਧੀਨ ਸਾਲ 2012-13 ਦੌਰਾਨ ਐਸ.ਸੀ./ਐਸ.ਟੀ. ਬੱਚਿਆਂ ਦੀ ਐਜੂਕੇਸ਼ਨ ਨੂੰ ਪ੍ਰੋਤਸਾਹਿਤ ਕਰਨ ਲਈ ਭਾਰਤ ਸਰਕਾਰ ਵੱਲੋਂ ਪੰਜਾਬ ਰਾਜ ਲਈ 205.59 ਲੱਖ ਰੁਪਏ ਦਾ ਬਜਟ ਮਨਜ਼ੂਰ ਕੀਤਾ ਗਿਆ ਹੈ। ਪ੍ਰਵਾਨਿਤ ਬਜਟ ਦਾ ਜ਼ਿਲ੍ਹਾਵਾਰ ਵੇਰਵਾ ਹੇਠ ਅਨੁਸਾਰ ਹੈ:-

| S. No. | Districts | Martial Art | | | Exposure Visit | | | Total Approved Budget (Rs. In lacs) |
|---|---|---|---|---|---|---|---|---|
| | | Unit Cost | Physical | Financial | Unit Cost | Physical | Financial | |
| 1 | Amritsar | 0.08 | 59 | 4.72 | 0.07 | 95 | 6.65 | 11.37 |
| 2 | Barnla | 0.08 | 50 | 4.00 | 0.07 | 160 | 11.20 | 15.20 |
| 3 | Bathinda | 0.08 | 50 | 4.00 | 0.07 | 50 | 3.50 | 7.50 |
| 4 | Faridkot | 0.08 | 30 | 2.40 | 0.07 | 35 | 2.45 | 4.85 |
| 5 | Fatehgarh sahib | 0.08 | 20 | 1.60 | 0.07 | 20 | 1.40 | 3.00 |
| 6 | Fazilka | 0.08 | 55 | 4.40 | 0.07 | 115 | 8.05 | 12.45 |
| 7 | Ferozepur | 0.08 | 100 | 8.00 | 0.07 | 55 | 3.85 | 11.85 |
| 8 | Gurdaspur | 0.08 | 50 | 4.00 | 0.07 | 49 | 3.43 | 7.43 |
| 9 | Hoshiarpur | 0.08 | 25 | 2.00 | 0.07 | 86 | 6.02 | 8.02 |
| 10 | Jalandhar | 0.08 | 50 | 4.00 | 0.07 | 50 | 3.50 | 7.50 |
| 11 | Kapurthala | 0.08 | 50 | 4.00 | 0.07 | 50 | 3.50 | 7.50 |
| 12 | Ludhiana | 0.08 | 50 | 4.00 | 0.07 | 139 | 9.73 | 13.73 |
| 13 | Mansa | 0.08 | 50 | 4.00 | 0.07 | 50 | 3.50 | 7.50 |
| 14 | Moga | 0.08 | 20 | 1.60 | 0.07 | 50 | 3.50 | 5.10 |
| 15 | Mohali | 0.08 | 60 | 4.80 | 0.07 | 130 | 9.10 | 13.90 |
| 16 | Muktsar | 0.08 | 37 | 2.96 | 0.07 | 38 | 2.66 | 5.62 |
| 17 | Nanwanshehr | 0.08 | 32 | 2.56 | 0.07 | 10 | 0.70 | 3.26 |
| 18 | Pathankot | 0.08 | 90 | 7.20 | 0.07 | 89 | 6.23 | 13.43 |
| 19 | Patiala | 0.08 | 20 | 1.60 | 0.07 | 117 | 8.19 | 9.79 |
| 20 | Ropar | 0.08 | 40 | 3.20 | 0.07 | 124 | 8.68 | 11.88 |
| 21 | Sangrur | 0.08 | 37 | 2.96 | 0.07 | 100 | 7.00 | 9.96 |
| 22 | Tarn Taran | 0.08 | 40 | 3.20 | 0.07 | 165 | 11.55 | 14.75 |
| **Total** | | | **1015** | **81.20** | | **1777** | **124.39** | **205.59** |

ਪਲਾਨ ਨੂੰ ਲਾਗੂ ਕਰਨ ਲਈ ਹੇਠ ਲਿਖੀਆਂ ਗਤੀਵਿਧੀਆਂ ਕੀਤੀਆਂ ਜਾਣਗੀਆਂ, ਜਿਸ ਲਈ ਗਾਈਡ ਲਾਈਨਜ਼ ਨਿਮਨ ਅਨੁਸਾਰ ਹਨ:-

1. **ਐਕਸਪੋਜ਼ਰ ਵਿਜ਼ਿਟ :**

ਐਸ.ਸੀ. ਬੱਚਿਆਂ ਨੂੰ ਜੁਲਾਈ-ਅਗਸਤ ਦੇ ਮਹੀਨੇ ਵਿੱਚ ਨੇੜਲੇ ਮਹੱਤਵਪੂਰਣ ਵਿੱਦਿਅਕ ਜਾਂ ਇਤਿਹਾਸਕ ਸਥਾਨਾਂ ਦੀ ਐਕਸਪੋਜ਼ਰ ਵਿਜ਼ਿਟ ਕਰਵਾਈ ਜਾਵੇਗੀ। ਐਕਸਪੋਜ਼ਰ ਵਿਜ਼ਿਟ ਲਈ ਸੰਭਾਵੀ ਸਥਾਨਾਂ ਦੀ ਸੂਚੀ '**ਅਨੁਲੱਗ-ੳ**' ਅਨੁਸਾਰ ਭੇਜੀ ਜਾਂਦੀ ਹੈ । ਬੱਚਿਆਂ ਦੇ ਰੁਝਾਣ ਮੁਤਾਬਿਕ ਕਿਸੇ ਵੀ ਜਗ੍ਹਾ ਨੂੰ ਸਿਲੈਕਟ ਕੀਤਾ ਜਾ ਸਕਦਾ ਹੈ ।ਉਹਨਾਂ ਸਕੂਲੀ ਬੱਚਿਆਂ/ਸਕੂਲਾਂ ਨੂੰ ਤਰਜੀਹ ਦਿੱਤੀ ਜਾਵੇਗੀ ਜਿਨ੍ਹਾਂ ਨੂੰ ਪਿਛਲੇ ਸਾਲ ਦੌਰਾਨ ਐਕਸਪੋਜ਼ਰ ਵਿਜ਼ਿਟ ਨਹੀ ਕਰਵਾਈ ਗਈ ਸੀ। ਐਕਸਪੋਜ਼ਰ ਵਿਜ਼ਿਟ ਲਈ 7000 ਰੁਪਏ ਪ੍ਰਤੀ ਸਕੂਲ ਦੇ

ਹਿਸਾਬ ਨਾਲ ਫੰਡਜ਼ ਨਿਸ਼ਚਿਤ ਕੀਤੇ ਗਏ ਹਨ। ਇਹ ਫੰਡ ਟ੍ਰਾਂਸਪੋਰਟੇਸ਼ਨ ਦੇ ਇੰਤਜ਼ਾਮ ਅਤੇ ਬੱਚੀਆਂ ਨੂੰ ਰਿਫੈਰਸ਼ਮੈਂਟ ਦੇਣ ਲਈ ਖਰਚ ਕੀਤਾ ਜਾਵੇਗਾ। ਐਕਸਪੋਜ਼ਰ ਵਿਜ਼ਿਟ ਕਰਵਾਉਣ ਤੋਂ ਬਾਅਦ '**ਅਨੁਲੱਗ-ਅ**' ਅਨੁਸਾਰ ਡਿਟੇਲ ਮੁੱਖ ਦਫਤਰ ਵਿਖੇ ਜਮਾਂ ਕਰਵਾਈ ਜਾਵੇਗੀ।

2. **ਮਾਰਸ਼ਲ ਆਰਟ :**

ਸਾਰੇ ਜ਼ਿਲ੍ਹਿਆਂ ਵਿਚ ਪ੍ਰਵਾਨਿਤ ਪਲਾਨ ਅਨੁਸਾਰ ਐਸ.ਸੀ/ਐਸ.ਟੀ ਬੱਚਿਆਂ ਨੂੰ ਜਿਥੋਂ ਤੱਕ ਹੋ ਸਕੇ ਸਵੇਰੇ ਦੇ ਪਹਿਲੇ ਸਮੇਂ ਮਾਰਸ਼ਲ ਆਰਟ ਸਿਖਾਇਆ ਜਾਵੇਗਾ। ਜੇਕਰ ਇਸ ਸਮੇਂ ਦੌਰਾਨ ਕੋਈ ਟੈਸਟ ਜਾਂ ਹੋਰ ਜਰੂਰੀ ਗਤੀਵਿਧੀ ਕਰਨੀ ਲਾਜਮੀ ਹੋਵੇ ਤਾਂ ਸਕੂਲ ਮੁੱਖੀ ਆਪਣੀ ਸੂਝ ਅਨੁਸਾਰ ਬਦਲਵਾਂ ਪ੍ਰਬੰਧ ਕਰ ਸਕਦੇ ਹਨ ਮਾਰਸ਼ਲ ਆਰਟ ਦੀ ਟ੍ਰੇਨਿੰਗ ਦੇਣ ਲਈ ਤਕਨੀਕੀ ਮਾਹਿਰ ਦਾ ਪ੍ਰਬੰਧ ਜ਼ਿਲ੍ਹਾ ਸਿੱਖਿਆ ਅਫ਼ਸਰ ਆਪਣੇ ਪਧੱਰ ਤੇ ਕਰਨਗੇ। ਤਕਨੀਕੀ ਮਾਹਿਰ ਨੂੰ ਟ੍ਰੇਨਿੰਗ ਦੇਣ ਲਈ 125 ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਮਿਹਨਤਾਨਾ ਦਿੱਤਾ ਜਾਵੇਗਾ। ਇਹ ਗਤੀਵਿਧੀ ਇਕ ਸਕੂਲ ਵਿੱਚ 40 ਦਿਨ ਲਈ ਕੀਤੀ ਜਾਵੇਗੀ। ਪ੍ਰਤੀ ਸਕੂਲ ਲਈ 8000 ਰੁਪਏ ਦੀ ਰਾਸ਼ੀ ਰਿਲੀਜ਼ ਕੀਤੀ ਜਾਵੇਗੀ ਜਿਸ ਵਿੱਚ 3000 ਰੁਪਏ ਬੱਚਿਆਂ ਨੂੰ ਰਿਫਰੈਸ਼ਮੈਂਟ ਦੇਣ ਲਈ ਵਰਤੇ ਜਾਣਗੇ। ਇਹ ਗਤੀਵਿਧੀ ਅਗਸਤ-ਸਤੰਬਰ ਮਹੀਨੇ ਦੌਰਾਨ ਕਰਵਾਈ ਜਾਵੇ। ਮਾਰਸ਼ਲ ਆਰਟ ਦੀ ਗਤੀਵਿਧੀ ਲਈ ਜ਼ਿਲ੍ਹਾਵਾਰ ਸਕੂਲਾਂ ਦੀ ਗਿਣਤੀ ਅਤੇ ਬਜਟ ਦਾ ਵੇਰਵਾ ਪਹਿਲਾਂ ਹੀ ਉੱਪਰ ਦਿੱਤਾ ਜਾ ਚੁੱਕਾ ਹੈ।

3.0 ਸਕੂਲਾਂ ਦੀ ਚੋਣ ਕਰਨ ਸਮੇਂ ਧਿਆਨ ਰੱਖਿਆ ਜਾਵੇ ਕਿ ਹਰੇਕ ਗਤੀਵਿਧੀ ਲਈ ਵੱਖਰੇ ਸਕੂਲਾਂ ਦੀ ਚੌਣ ਕੀਤੀ ਜਾਵੇ ਅਤੇ ਉਨ੍ਹਾਂ ਸਕੂਲਾਂ ਨੂੰ ਤਰਜੀਹ ਦਿੱਤੀ ਜਾਵੇ ਜਿਨ੍ਹਾਂ ਵਿਚ ਪਹਿਲੇ ਸਾਲ ਦੌਰਾਨ ਇਹ ਗਤੀਵਿਧੀ ਨਹੀਂ ਕਰਵਾਈ ਗਈ।

**ਨੱਥੀ : ਅਨੁਲੱਗ 'ੳ ਅਤੇ ਅ' ।**

**-ਸਹੀ-**
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**

**ਪਿਠ ਅੰਕਣ ਨੰ:1/SSA/SC/2012-13/77795-77815** **ਮਿਤੀ:** 12.04.2012

ਉਤਾਰਾ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਐਸ.ਸੀ./ਐਸ.ਟੀ. 2012-13 ਦੇ ਪਲਾਨ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਨੂੰ ਪੂਰਨ ਸਹਿਯੋਗ ਦਿੱਤਾ ਜਾਵੇ।

**-ਸਹੀ-**
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**

**ਪਿਠ ਅੰਕਣ ਨੰ:1/SSA/SC/2012-13/77816-77817** **ਮਿਤੀ:** 12.04.2012

ਉਤਾਰਾ ਡੀ.ਪੀ.ਆਈ (ਐ.ਸਿ) ਅਤੇ (ਸੈ.ਸਿ), ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

**-ਸਹੀ-**
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**